# ਅਚੀਵਮੈਂਟ ਗ੍ਰੇਡ ਲੈਵਲ ਦੇ ਬਾਰੇ ਜਾਣਕਾਰੀ:

## ਮਾਤਾ-ਪਿਤਾ ਦੇ ਲਈ ਜਾਣਕਾਰੀ

Calgary Board of Education

ਕੈਲਗਰੀ ਬੋਰਡ ਆਫ਼ ਐਜੂਕੇਸ਼ਨ

ਕੱਲ੍ਹ ਦੇ ਨਾਗਰਿਕਾਂ ਦੀ ਅੱਜ ਦੀ ਸਿੱਖਿਆ

ਇਹ ਪਤ੍ਰਿਕਾ ਮਾਤਾ-ਪਿਤਾ ਨੂੰ ਗ੍ਰੇਡ ਲੈਵਲ ਅਚੀਵਮੈਂਟ ਦੇ ਬਾਰੇ ਵਿਚ ਸਮਝਾਉਂਣ ਲਈ ਹੈ। ਇਹ ਗ੍ਰੇਡ ਲੈਵਲ ਅਚੀਵਮੈਂਟ,ਅਲਬਰਟਾ ਐਜੂਕੇਸ਼ਨ ਸਾਲ 2007 ਤੋਂ, ਇੰਗਲਿਸ਼ ਲੈਂਗੂਏਜ ਆਰਟਸ,ਫਰੈਂਚ ਲੈਂਗੂਏਜ ਆਰਟਸ (ਇਮਰਸ਼ਨ) ਅਤੇ ਹਿਸਾਬ ਦੇ ਵਿਸ਼ਿਆਂ ਉਪਰ ਲਾਗੂ ਕਰ ਰਹੀ ਹੈ।

ਗ੍ਰੇਡ ਲੈਵਲ ਅਚੀਵਮੈਂਟ, ਟੀਚਰ ਦੁਆਰਾ ਤੁਹਾਡੇ ਨਾਲ ਤੁਹਾਡੇ ਬੱਚੇ ਦੇ ਬਾਰੇ ਵਿਚ ਬਾਤ-ਚੀਤ ਕਰਨ ਦੇ ਢੰਗ ਵਿਚ ਕੋਈ ਬਦਲਾਵ ਨਹੀਂ ਲਿਆਵੇਗੀ। ਟੀਚਰ ਲਗਾਤਾਰ ਤੁਹਾਨੂੰ ਤੁਹਾਡੇ ਬੱਚੇ ਦੀ ਅਚੀਵਮੈਂਟ ਦੇ ਬਾਰੇ ਵਿਚ ਰਿਪੋਰਟ ਕਾਰਡ ਭੇਜਦੇ ਰਹਿਣਗੇ।ਉਹ ਤੁਹਾਨੂੰ ਸਕੂਲ ਵਿਚ ਬੁਲਾ ਕੇ ਤੁਹਾਡੇ ਬੱਚੇ ਦਾ ਕੰਮ ਅਤੇ ਉਸਦੀ ਪੜ੍ਹਾਈ ਵਿਚ ਤਰੱਕੀ ਦੇ ਬਾਰੇ ਵਿਚ ਜਾਣਕਾਰੀ ਦਿੰਦੇ ਰਹਿਣਗੇ ਅਤੇ ਉਹ ਤੁਹਾਡੇ ਬੱਚੇ ਦੀ ਅਚੀਵਮੈਂਟ ਦੇ ਬਾਰੇ ਵਿਚ ਕੀਤੀ ਗਈ  ਫ਼ੋਨ-ਕਾਲ ਜਾਂ ਈ-ਮੇਲ ਦਾ ਕਿਸੀ ਵੀ ਸਮੇਂ ਸਵਾਗਤ ਕਰਣਗੇ। ਟੀਚਰ ਤੁਹਾਡੇ ਬੱਚੇ ਦੀ ਪੜ੍ਹਾਈ ਵਿਚ ਤੁਹਾਡਾ ਪੂਰਾ ਸਹਿਯੋਗ ਦੇਣਗੇ।

ਗ੍ਰੇਡ ਲੈਵਲ ਅਚੀਵਮੈਂਟ ਤੁਹਾਨੂੰ ਤੁਹਾਡੇ ਬੱਚੇ ਦੇ ਬਾਰੇ ਵਿਚ ਹੋਰ ਵੱਧ ਜਾਣਕਾਰੀ ਦੇਵੇਗੀ। ਹਾਲਾਂਕਿ ਕੈਲਗਰੀ ਬੋਰਡ ਆਫ਼ ਐਜੂਕੇਸ਼ਨ ਦੇ ਲਈ ਜੀ ਐਲ ਏ ਰਿਪੋਰਟਿੰਗ ਇਸ ਸਾਲ ਨਵੀਂ ਹੈ, ਇਹ ਐਡਮਿੰਟਨ ਪਬਲਿਕ ਸਕੂਲ ਸਿਸਟਮ ਵਿਚ ਦਸ ਸਾਲ ਪੁਰਾਣੀ ਹੈ ਕਿਉਂਕੇ ਮਾਤਾ-ਪਿਤਾ ਨੇ ਬੱਚਿਆਂ ਦੇ ਬਾਰੇ ਵਿਚ ਗ੍ਰੇਡ ਲੈਵਲ ਅਚੀਵਮੈਂਟ ਦੁਆਰਾ ਜਾਣਕਾਰੀ ਹਾਸਿਲ ਕਰਨ ਦੇ ਲਈ ਇੱਛਾ ਜ਼ਾਹਿਰ ਕੀਤੀ ਸੀ। ਕੁਛ ਸਾਲ ਪਹਿਲਾਂ ਪਾਰਕਲੈਂਡ ਸਕੂਲ ਸਿਸਟਮ ਨੇ ਭੀ ਮਾਤਾ-ਪਿਤਾ ਨੂੰ ਗ੍ਰੇਡ ਲੈਵਲ ਅਚੀਵਮੈਂਟ ਰਿਪੋਰਟਿੰਗ ਸ਼ੁਰੂ ਕਰ ਦਿਤੀ ਸੀ। ਹੁਣ ਅਲਬਰਟਾ ਐਜੂਕੇਸ਼ਨ ਚਾਹੁੰਦਾ ਹੈ ਕਿ ਸਾਰੇ ਸਕੂਲ ਮਾਤਾ-ਪਿਤਾ ਨੂੰ ਅਤੇ ਅਲਬਰਟਾ ਐਜੂਕੇਸ਼ਨ ਨੂੰ ਜੀ ਐਲ ਏ ਰਿਪੋਰਟਿੰਗ ਦੇ ਬਾਰੇ ਵਿਚ ਜਾਣਕਾਰੀ ਦੇਣ।

ਇਸ ਪਤ੍ਰਿਕਾ ਵਿਚ ਦਿੱਤੀ ਗਈ ਕੁੱਝ ਜਾਣਕਾਰੀ ਅਲਬਰਟਾ ਐਜੂਕੇਸ਼ਨ 2007 ਦੀ *ਗ੍ਰੇਡ ਲੈਵਲ ਆਫ਼ ਅਚੀਵਮੈਂਟ ਰਿਪੋਰਟਿੰਗ ਟੀਚਰ ਐਂਡ ਐਡਮਨਿਸਟਰੇਟਰ ਹੈਂਡਬੁਕ* ਵਿਚੋਂ ਲਿੱਤੀ ਗਈ ਹੈ।

# ਗ੍ਰੇਡ ਲੈਵਲ ਆਫ਼ ਅਚੀਵਮੈਂਟ ਰਿਪੋਰਟਿੰਗ:

## ਮਾਤਾ-ਪਿਤਾ ਲਈ ਜਾਣਕਾਰੀ

ਅਸੀਂ ਇਹ ਉਮੀਦ ਕਰਦੇ ਹਾਂ ਕਿ ਇਹ ਪਤ੍ਰਿਕਾ ਤੁਹਾਨੂੰ ਜੀ ਐਲ ਏ ਰਿਪੋਰਟਿੰਗ ਦੇ ਬਾਰੇ ਵਿਚ ਕਈ ਸਵਾਲਾਂ ਦੇ ਜਵਾਬ ਦੇਵੇਗੀ। ਅਗਰ ਤੁਸੀਂ ਆਪਣੇ ਬੱਚੇ ਦੀ ਜੀ ਐਲ ਏ ਦੇ ਬਾਰੇ ਵਿਚ ਕੁੱਝ ਪੁੱਛਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਉਸਦੇ ਟੀਚਰ ਨਾਲ ਸੰਪਰਕ ਕਰੋ।

**1. ਗ੍ਰੇਡ ਲੈਵਲ ਆਫ਼ ਰਿਪੋਰਟਿੰਗ ਯਾ ਜੀ ਐਲ ਏ ਕੀ ਹੈ?**

ਅਲਬਰਟਾ ਐਜੁਕੇਸ਼ਨ ਚਾਹੁੰਦਾ ਹੈ ਕਿ ਟੀਚਰ ਗ੍ਰੇਡ 1 ਤੋਂ 9 ਤਕ ਦੇ ਸਾਰੇ ਬੱਚੇ ਜੋ ਕਿ ਗ੍ਰੇਡਿਡ ਅਲਬਰਟਾ ਪ੍ਰੋਗ੍ਰਾਮ ਆਫ਼ ਸਟਡੀਜ਼ ਵਿਚ ਇੰਗਲਿਸ਼ ਲੈਂਗੂਏਜ ਆਰਟਸ, ਫਰੈਂਚ ਲੈਂਗੂਏਜ ਆਰਟਸ (ਇਮਰਸ਼ਨ), ਅਤੇ ਹਿਸਾਬ ਦੇ ਵਿਸ਼ੇ ਪੜ੍ਹ ਰਹੇ ਹਨ, ਉਨ੍ਹਾਂ ਦੀ ਜੀ ਐਲ ਏ ਰਿਪੋਰਟ ਤਿਆਰ ਕਰਨ। ਜੀ ਐਲ ਏ, ਇਕ ਪੂਰੇ ਅੰਕਾਂ ਦੀ ਰਿਪੋਰਟ ਹੋਵੇਗੀ। ਮੋਟੇ ਤੌਰ ਤੇ, ਇਹ ਤੁਹਾਡੇ ਬੱਚੇ ਦੀ ਪੂਰੇ ਸਾਲ ਦੀ ਅਚੀਵਮੈਂਟ ਰਿਪੋਰਟ ਅਤੇ ਟੀਚਰ ਦੇ ਨਾਲ ਹੋਈ ਬਾਤ-ਚੀਤ, ਨੂੰ ਇਕ ਨੰਬਰ ਦੇ ਰੂਪ ਵਿਚ ਤੁਹਾਡੇ ਤਕ ਪਹੁੰਚਾਏਗੀ।

ਅਧਿਕਤਰ ਬੱਚੇ ਗ੍ਰੇਡਿਡ ਅਲਬਰਟਾ ਪ੍ਰੋਗ੍ਰਾਮ ਆਫ਼ ਸਟਡੀਜ਼ ਵਿਚ ਇੰਗਲਿਸ਼ ਲੈਂਗੂਏਜ ਆਰਟਸ, ਫਰੈਂਚ ਲੈਂਗੂਏਜ ਆਰਟਸ (ਇਮਰਸ਼ਨ) ਅਤੇ ਹਿਸਾਬ ਦੇ ਵਿਸ਼ੇ ਪੜ੍ਹ ਰਹੇ ਹਨ, ਅਤੇ ਇਨ੍ਹਾਂ ਬੱਚਿਆਂ ਦੀ ਜੀ ਐਲ ਏ ਰਿਪੋਰਟ ਬਣਾਈ ਜਾਵੇਗੀ। ਕੁਛ ਅਪਵਾਦ (ਵਿਸ਼ੇਸ਼ ਵਿਸ਼ੇ) ਭੀ ਹੋ ਸਕਤੇ ਹਨ; ਪੇਜ 6 ਤੋਂ 8 ਉੱਪਰ ਪ੍ਰਸ਼ਨ 8 ਤੋਂ 10 ਤਕ ਦੇਖੋ।



© Calgary Board of Education 2007

## 2. ਟੀਚਰ ਮੇਰੇ ਬੱਚੇ ਦੀ ਗ੍ਰੇਡ ਲੈਵਲ ਆਫ਼ ਅਚੀਵਮੈਂਟ ਦਾ ਫ਼ੈਸਲਾ ਕਿਵੇਂ ਕਰੇਗਾ?

ਅਲਬਰਟਾ ਪ੍ਰੋਗ੍ਰਾਮ ਆਫ਼ ਸਟਡੀਜ਼(ਪਾਠਕ੍ਰਮ)ਵਿਚ ਹਰ ਗ੍ਰੇਡ ਲੈਵਲ ਉਪਰ ਹਰ ਇਕ ਵਿਸ਼ੇ ਵਿਚ ਹਰ ਬੱਚੇ ਦੇ ਲਰਨਿੰਗ ਦੇ ਨਤੀਜੇ ਹੁੰਦੇ ਹਨ ਅਤੇ ਟੀਚਰ ਉਨ੍ਹਾਂ ਨਤੀਜਿਆਂ ਦੇ ਆਧਾਰ ਉਪਰ ਬੱਚੇ ਦੀ ਜੀ ਐਲ ਏ ਰਿਪੋਰਟ ਬਣਾਵੇਗਾ।

ਬੱਚੇ ਦੀ ਜੀ ਐਲ ਏ ਰਿਪੋਰਟ ਉਸਦੇ ਸਾਰੇ ਕਲਾਸ ਵਰਕ ਦੇ ਨਤੀਜਿਆਂ ਉਪਰ ਅਤੇ ਪੂਰੇ ਸਾਲ ਭਰ ਦੇ ਕੰਮ ਦੇ ਮੁਲਾਂਕਣ ਤੇ ਆਧਾਰਿਤ ਹੋਵੇਗੀ। ਅਲਬਰਟਾ ਐਜੂਕੇਸ਼ਨ ਇਹ ਮੰਨ ਕੇ ਚਲਦੀ ਹੈ ਕਿ ਇਕ ਆਮ ਕਲਾਸ ਰੂਮ ਵਿਚ, ਇਕ ਬੱਚਾ ਆਪਣੀ ਪ੍ਰਤਿਭਾ ਨੂੰ ਕਾਫ਼ੀ ਹੱਦ ਤੱਕ ਪ੍ਰਮਾਣਿਤ ਕਰਦਾ ਹੈ। ਹੋ ਸਕਦਾ ਹੈ ਕਿ ਇਕ ਬੱਚਾ ਕਿਸੀ ਇਕ ਖੇਤਰ ਵਿਚ ਦੂਸਰੇ ਖੇਤਰਾਂ ਦੇ ਮੁਕਾਬਲੇ ਵਿਚ ਵਧੀਆ ਕੰਮ ਕਰ ਰਿਹਾ ਹੋਵੇ ਅਤੇ ਕਈ ਖੇਤਰਾਂ ਉਹ ਕਾਫ਼ੀ ਕਮਜ਼ੋਰ ਹੋਵੇ। ਇਕ ਖਾਸ ਗ੍ਰੇਡ ਲੈਵਲ ਵਿਚ ਉਸ ਗ੍ਰੇਡ ਲੈਵਲ ਦੇ ਪਾਠਕ੍ਰਮ ਦੇ ਆਧਾਰ ਉਪਰ ਇਕ ਸੰਤੋਸ਼ਜਨਕ ਪ੍ਰਤਿਭਾ ਦਾ ਲੈਵਲ ਹਾਸਿਲ ਕਰਨ ਦੇ ਲਈ ਇਹ ਜ਼ਰੂਰੀ ਨਹੀਂ ਕਿ ਬੱਚਾ ਉਸ ਗ੍ਰੇਡ ਲੈਵਲ ਦੇ ਸਾਰੇ ਖੇਤਰਾਂ ਵਿਚ “ਨਿਪੁੰਨ” ਹੋਵੇ।

**ਅਚੀਵਮੈਂਟ ਦਾ ਓਹੀ ਗ੍ਰੇਡ ਲੈਵਲ**

**ਸੰਤੋਸ਼ਜਨਕ ਖੇਤਰ** | **ਪ੍ਰਤਿਸ਼ਟਾ ਖੇਤਰ** | **ਪ੍ਰਤਿਭਾ ਦਾ ਫੈਲਾਓ**



© Calgary Board of Education 2007

ਜੀ ਐਲ ਏ ਕਿਸੀ ਇਕ ਟੈਸਟ ਉਪਰ ਆਧਾਰਿਤ **ਨਹੀਂ** ਹੋ ਸਕਦਾ।

ਜੀ ਐਲ ਏ ਪਬਲਿਸ਼ਿੰਗ ਕੰਪਨੀਆਂ ਦੇ ਬਣਾਏ ਗਏ ਨਾਰਮ-ਰੈਫਰੈਂਸਡ ਸਟੈਂਡਰਡਾਈਜ਼ਡ ਟੈਸਟ ਤੇ ਆਧਾਰਿਤ **ਨਹੀਂ** ਹੋ ਸਕਦਾ। ਇਹ ਟੈਸਟ ਬੱਚਿਆਂ ਦੇ ਅਲਬਰਟਾ ਪਰੋਗਰਾਮ ਆਫ਼ ਸਟੱਡੀਜ਼ ਦੇ ਨਤੀਜਿਆਂ ਨਾਲ ਮੇਲ ਨਹੀਂ ਖਾਂਦਾ। ਇਨ੍ਹਾਂ ਟੈਸਟਾਂ ਦੇ ਗ੍ਰੇਡ ਸਕੋਰ ਜੀ ਐਲ ਏ ਦੇ ਬਰਾਬਰ ਨਹੀਂ ਹੁੰਦੇ। ਇਸ ਲਈ ਇਨ੍ਹਾਂ ਤੋਂ ਇਹ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਕਿ ਬੱਚਾ ਕਿਸ ਗ੍ਰੇਡ ਲੈਵਲ ਦੇ ਪਾਠਕ੍ਰਮ ਦੀ ਯੋਗਤਾ ਰੱਖਦਾ ਹੈ। (ਹੋਰ ਜਾਣਕਾਰੀ ਲਈ *ਗਰੇਡ ਲੈਵਲ ਆਫ਼ ਅਚੀਵਮੈਂਟ ਰਿਪੋਰਟਿੰਗ ਟੀਚਰ ਅਤੇ ਐਡਮਨਿਸਟਰੇਟਰ ਹੈਂਡਬੁੱਕ ਦੇ* ਪੇਜ 29 ਤੋਂ 32 ਦੇਖੋ)

ਜੀ ਐਲ ਏ ਨੂੰ, ਹਿੱਸਾ ਲੈਣਾ, ਰਵਈਆ, ਸਫ਼ਾਈ, ਕੋਸ਼ਿਸ਼, ਵਤੀਰਾ ਵਰਗੇ ਕਾਰਕਾਂ ਉੱਤੇ ਆਧਾਰਿਤ **ਨਹੀਂ** ਕੀਤਾ ਜਾ ਸਕਦਾ।




ਟੀਚਰ ਬੱਚਿਆਂ ਦੀ ਅਚੀਵਮੈਂਟ ਦੇ ਨਤੀਜਿਆਂ ਨੂੰ ਇਕੱਠਾ ਕਰਨ ਲਈ ਬਹੁਤ ਸਾਰੇ ਤਰੀਕੇ ਅਪਣਾਉਂਦੇ ਹਨ।



© Calgary Board of Education 2007

## 3. ਮੈਨੂੰ ਮੇਰੇ ਬੱਚੇ ਦੇ ਗ੍ਰੇਡ ਲੈਵਲ ਅਚੀਵਮੈਂਟ ਬਾਰੇ ਕਿਸ ਤਰਾਂ ਦੱਸਿਆ ਜਾਵੇਗਾ?

ਤੁਹਾਡੇ  ਬੱਚੇ ਦਾ ਜੀ ਐਲ ਏ ਇੱਕ ਪੂਰਾ ਅੰਕ ਹੋਵੇਗਾ, ਜੋ ਕਿ ਉਸਦੇ ਜੂਨ ਦੇ ਰਿਪੋਰਟ ਕਾਰਡ ਵਿਚ ਇੱਕ ਵੱਖਰੇ ਖਾਨੇ (ਬਾਕਸ) ਵਿਚ ਹੋਵੇਗਾ। ਕੋਈ ਫਰੈਕਸ਼ਨ (ਖੰਡ) ਜਾਂ ਦਸ਼ਮਲਵ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ।

ਜੀ ਐਲ ਏ ਦੀ ਰਿਪੋਰਟ ਸਾਲਾਨਾ ਹੋਵੇਗੀ, ਇਹ ਜੂਨ 2007 ਤੋਂ ਇੰਗਲਿਸ਼ ਲੈਂਗੁਏਜ ਆਰਟਸ, ਫਰੈਂਚ ਲੈਂਗੁਏਜ ਆਰਟਸ (ਇਮਰਸ਼ਨ), ਅਤੇ ਹਿਸਾਬ ਦੇ ਵਿਸ਼ਿਆਂ ਲਈ ਭੇਜੀ ਜਾਵੇਗੀ।

## 4. ਅਸੀਂ ਗ੍ਰੇਡ ਲੈਵਲ ਆਫ਼ ਅਚੀਵਮੈਂਟ ਰਿਪੋਰਟਿੰਗ ਕਿਉਂ ਕਰ ਰਹੇ ਹਾਂ?

ਅਲਬਰਟਾ ਐਜੂਕੇਸ਼ਨ ਨੂੰ ਜੀ ਐਲ ਏ ਦੀ ਰਿਪੋਰਟ ਕਰਨ ਨਾਲ ਪ੍ਰਾਵਿੰਸ, ਸਕੂਲ ਜਿਉਰਿਡਿਕਸ਼ਨ ਅਤੇ ਸਕੂਲਾਂ ਨੂੰ ਹਰ ਸਾਲ ਗ੍ਰੇਡ 1 ਤੋਂ 9 ਤੱਕ ਦੇ ਬੱਚਿਆਂ ਦੇ ਬਾਰੇ ਵਿਚ ਕੀਮਤੀ ਜਾਣਕਾਰੀ ਪ੍ਰਾਪਤ ਹੋ ਸਕੇਗੀ।

ਜੀ ਐਲ ਏ ਦੀ ਜਾਣਕਾਰੀ ਇਹ ਪਤਾ ਕਰਨ ਵਿਚ ਮੱਦਦ ਕਰੇਗੀ ਕਿ ਚਲਾਏ ਜਾ ਰਹੇ ਅਲਗ ਅਲਗ ਪ੍ਰੋਗਰਾਮ, ਬੱਚਿਆਂ ਦੇ ਵੱਖਰੇ ਵੱਖਰੇ ਸਮੂਹਾਂ (ਗਰੁਪਾਂ) ਲਈ  ਕਿਸ ਤਰ੍ਹਾਂ ਦੇ ਸਾਬਤ ਹੋ ਰਹੇ ਹਨ ਅਤੇ ਬੱਚਿਆਂ ਦੀ ਅਚੀਵਮੈਂਟ ਨੂੰ ਵਧਾਉਂਣ ਲਈ ਹੋਰ ਕੀ ਕੀਤਾ ਜਾ ਸਕਦਾ ਹੈ।

ਜੀ ਐਲ ਏ ਦੀ ਜਾਣਕਾਰੀ ਪ੍ਰਾਵਿੰਸ਼ਲ, ਜਿਉਰਿਡਿਕਸ਼ਨਲ ਅਤੇ ਸਕੂਲ ਲੈਵਲ ਤੇ ਪ੍ਰੋਗਰਾਮਿੰਗ ਅਤੇ ਪਾਲਿਸੀ ਦੇ ਬਾਰੇ ਵਿਚ ਫ਼ੈਸਲੇ ਲੈਣ ਵਿਚ ਮੱਦਦ ਕਰੇਗੀ।


© Calgary Board of Education 2007

**5. ਗ੍ਰੇਡ ਲੈਵਲ ਆਫ਼ ਅਚੀਵਮੈਂਟ ਰਿਪੋਰਟਿੰਗ ਦਾ ਬੱਚਿਆਂ ਲਈ  ਕੀ ਮਤਲਬ ਹੋਵੇਗਾ?**

ਸੀ ਬੀ ਈ ਨੇ ਟੀਚਰਾਂ ਦੇ ਨਾਲ ਮਿਲਕੇ  ਕਈ ਐਸੇ ਸਾਧਨ ਇਕੱਠੇ ਕੀਤੇ ਹਨ ਜਿਨ੍ਹਾਂ ਨਾਲ ਟੀਚਰ ਬੱਚਿਆਂ ਦੀ ਅਚੀਵਮੈਂਟ ਨੂੰ, ਅਲਬਰਟਾ ਪ੍ਰੋਗਰਾਮ ਆਫ਼ ਸਟੱਡੀਜ਼ ਦੇ ਇੰਗਲਿਸ਼ ਲੈਂਗੁਏਜ ਆਰਟਸ, ਫਰੈਂਚ ਲੈਂਗੁਏਜ ਆਰਟਸ (ਇਮਰਸ਼ਨ) ਅਤੇ ਹਿਸਾਬ ਦੀ ਸਿੱਖਿਆ ਦੇ ਨਤੀਜਿਆਂ  ਨਾਲ ਮਿਲਾ ਕੇ ਦਸਤਾਵੇਜ ਕਰਨ ਵਿਚ ਮੱਦਦ ਕਰੇਗਾ।

ਅਗਰ ਟੀਚਰਾਂ ਕੋਲ ਜੀ ਐਲ ਏ ਅਤੇ ਸਿੱਖਿਆ ਦੇ ਨਤੀਜਿਆਂ ਦੀ ਜਾਣਕਾਰੀ  ਹੋਵੇਗੀ ਤਾਂ ਟੀਚਰ ਬੱਚਿਆਂ ਦੀ ਜ਼ਰੂਰਤ ਅਤੇ ਪ੍ਰਤਿਭਾ ਦੇ ਅਨੁਸਾਰ ਪੜ੍ਹਾਉਣ ਦੀ ਯੋਜਨਾ ਬਣਾ ਸਕਦਾ ਹੈ।

ਜੀ ਐਲ ਏ ਬੱਚਿਆਂ ਨੂੰ ਵੀ ਮੂਲਾਂਕਨ ਕ੍ਰਿਆ (ਜਿਵੇਂ ਕੇ ਸਿੱਖਿਆ ਦੇ ਟੀਚਿਆਂ ਨੂੰ ਸਮਝਣਾ, ਆਪਣੇ ਆਪ ਦਾ ਮੂਲਾਂਕਨ ਅਤੇ ਟੀਚੇ ਮਿੱਥਣਾ) ਵਿਚ ਮਹਤੱਵਪੂਰਣ ਢੰਗ ਨਾਲ ਸ਼ਾਮਲ  ਕਰੇਗਾ।

**6. ਕੀ ਜੀ ਐਲ ਏ ਰਿਪੋਰਟਿੰਗ ਦਾ ਮਤਲਬ ਹੈ ਕਿ ਕੁੱਝ ਬੱਚਿਆਂ ਨੂੰ  ਉਸੇ ਕਲਾਸ ਵਿਚ ਰੋਕਕੇ ਰੱਖਿਆ ਜਾਵੇਗਾ ਅਤੇ ਕੁੱਝ ਬੱਚਿਆਂ ਨੂੰ ਤਰੱਕੀ ਦੇ ਕੇ ਅੱਗੇ ਕਰ ਦਿੱਤਾ ਜਾਵੇਗਾ?**

ਜੀ ਐਲ ਏ ਰਿਪੋਰਟਿੰਗ, ਸੀ ਬੀ ਈ ਦੇ ਰੋਕ ਕੇ ਰੱਖਣ ਜਾਂ ਅੱਗੇ ਕਰਨ ਦੀ ਕਾਰਵਾਈ ਨੂੰ ਨਹੀਂ ਬਦਲੇਗਾ।
ਰਿਸਰਚ ਦੇ ਅਨੁਸਾਰ ਬੱਚਿਆਂ ਨੂੰ ਉਸੇ ਕਲਾਸ ਵਿਚ ਰੋਕ ਕੇ ਰੱਖਣ ਨਾਲ ਜਾਂ ਅੱਗੇ ਕਰਨ ਨਾਲ ਉਨ੍ਹਾਂ ਦੀ ਅਚੀਵਮੈਂਟ ਵਿਚ ਕੋਈ ਤਰੱਕੀ ਨਹੀਂ ਹੁੰਦੀ। ਸਿਵਾਏ ਐਸੇ ਅਨੂਠੇ ਹਾਲਾਤਾਂ ਵਿਚ , ਜਿੱਥੇ ਕੇ ਕਿਸੇ ਬੱਚੇ ਨੂੰ ਕਿਸੇ ਇੱਕ ਖਾਸ ਵਿਸ਼ੇ ਵਿਚ ਗੁਣਵਾਨ ਘੋਸ਼ਿਤ ਕਰ ਦਿੱਤਾ ਜਾਂਦਾ ਹੈ, ਰਿਸਰਚ ਇਸ ਗੱਲ ਤੇ ਜ਼ੋਰ ਦਿੰਦੀ ਹੈ ਕੇ ਬੱਚੇ ਨੂੰ ਉਸ ਦੇ ਹਮਉਮਰ ਸਮੂਹ ਦੇ ਨਾਲ ਹੀ ਰੱਖਣਾ ਚਾਹੀਦਾ ਹੈ ਅਤੇ ਉਸ ਨੂੰ ਉਸ ਦੀਆਂ ਜ਼ਰੂਰਤਾਂ ਅਤੇ ਪ੍ਰਤਿਭਾ ਦੇ ਅਨੁਸਾਰ ਪੜ੍ਹਾਉਣਾ ਚਾਹੀਦਾ ਹੈ।
ਸੀ ਬੀ ਈ ਦੇ ਟੀਚਰ ਉਨ੍ਹਾਂ ਬੱਚਿਆਂ ਨੂੰ ਜੋ ਕੇ ਵਧੀਆ ਸਤਰ ਦਿਖਾਉਂਦੇ ਹਨ, ਉਨ੍ਹਾਂ ਦੇ ਅਪਣੇ ਗ੍ਰੇਡ ਲੈਵਲ ਤੇ ਹੀ ਹੋਰ ਪਾਸਿਆਂ ਦੀ (ਹਾਰਿਜ਼ਾਂਟਲ ਐਨਰਿਚਮੈਂਟ) ਪੜ੍ਹਾਈ ਕਰਵਾਉਂਦੇ ਹਨ।

ਟੀਚਰ ਬੱਚੇ ਦੇ ਨਾਮਾਂਕਿਤ ਗ੍ਰੇਡ ਲੈਵਲ ਤੋਂ ਉੱਪਰ ਦਾ ਜੀ ਐਲ ਏ **ਨਹੀਂ** ਦੇ ਸਕਦੇ ਜਦੋਂ ਤੱਕ ਕੇ ਉਹ ਬੱਚੇ ਦੀ ਉਸ ਗ੍ਰੇਡ ਲੈਵਲ ਦੇ ਕੁੱਝ ਵਿਸ਼ੇ  ਹੀ ਨਹੀਂ ਬਲਕਿ ਉਸਦੀ ਸਾਰੀ ਪੜ੍ਹਾਈ ਅਤੇ ਅਚੀਵਮੈਂਟ ਦੇ ਸਾਰੇ ਨਤੀਜਿਆਂ ਦਾ ਮੂਲਾਂਕਨ ਨਾ ਕਰ ਲੈਣ।



© Calgary Board of Education 2007

**7. ਗ੍ਰੇਡ ਲੈਵਲ ਆਫ਼ ਅਚੀਵਮੈਂਟ ਰਿਪੋਰਟਿੰਗ ਦਾ ਮਾਤਾ-ਪਿਤਾ ਲਈ ਕੀ ਮਤਲਬ ਹੋਵੇਗਾ?**

ਮਾਤਾ-ਪਿਤਾ ਨੂੰ ਅਪਣੇ ਬੱਚੇ ਦੀ ਜੀ ਐਲ ਏ ਦਾ, ਗ੍ਰੇਡਿਡ ਅਲਬਰਟਾ ਪ੍ਰੋਗਰਾਮ ਆਫ਼ ਸਟੱਡੀਜ਼ ਦੇ ਨਾਲ ਮਿਲਾ ਕੇ ਪਤਾ ਲਗੇਗਾ।
ਜੀ ਐਲ ਏ ਉਸ ਸਾਰੀ ਜਾਣਕਾਰੀ ਦੀ ਪੁਸ਼ਟੀ ਕਰੇਗੀ ਜੋ ਕਿ ਬੱਚੇ ਦੀ ਪੜ੍ਹਾਈ ਬਾਰੇ ਸਾਰਾ ਸਾਲ ਤੁਹਾਨੂੰ ਮਿਲਦੀ ਰਹੀ ਹੈ।

**8. ਉਨ੍ਹਾਂ ਬੱਚਿਆਂ ਦੀ ਗ੍ਰੇਡ ਲੈਵਲ ਆਫ਼ ਅਚੀਵਮੈਂਟ ਕਿੱਦਾਂ ਮਿੱਥੀ ਜਾਵੇਗੀ ਜਿਨ੍ਹਾਂ ਲਈ ਇੰਗਲਿਸ਼ ਇੱਕ ਸੈਕਿੰਡ ਲੈਂਗੁਏਜ ਹੈ?**

ਈ ਐਸ ਐਲ ਵਾਲੇ ਬੱਚੇ ਜੋ ਕਿ ਲੈਵਲ 3, 4 ਜਾਂ 5 ਦੇ ਸੀ ਬੀ ਈ ਦੇ ਇੰਗਲਿਸ਼ ਲੈਂਗੁਏਜ ਪਰਾਫਿਸ਼ੈਂਸੀ ਬੈਂਚਮਾਰਕ ਕਰ ਰਹੇ ਹਨ ਉਨ੍ਹਾਂ ਨੂੰ ਜੀ ਐਲ ਏ ਰਿਪੋਰਟ ਦਿਤੀ ਜਾਵੇਗੀ ਕਿਉਂਕੇ ਇਹ ਬੱਚੇ ਗ੍ਰੇਡਿਡ ਅਲਬਰਟਾ ਪ੍ਰੋਗ੍ਰਾਮ ਆਫ਼ ਸਟਡੀਜ਼ ਕੇ ਤਹਿਤ ਪੜ੍ਹ ਰਹੇ ਹਨ।

ਈ ਐਸ ਐਲ ਵਾਲੇ ਬੱਚੇ ਜੋ ਕਿ ਲੈਵਲ 1ਜਾਂ 2 ਦੇ ਸੀ ਬੀ ਈ ਦੇ ਇੰਗਲਿਸ਼ ਲੈਂਗੁਏਜ ਪਰਾਫਿਸ਼ੈਂਸੀ ਬੈਂਚਮਾਰਕ ਕਰ ਰਹੇ ਹਨ ਉਨ੍ਹਾਂ ਦੇ ਲਈ ਐਨ ਏ (ਲਾਗੂ ਨਹੀਂ) ਦਿੱਤਾ ਜਾਏਗਾ ਕਿਉਂਕਿ ਇਹ ਬੱਚੇ ਅਜੇ ਗ੍ਰੇਡਿਡ ਅਲਬਰਟਾ ਪ੍ਰੋਗ੍ਰਾਮ ਆਫ਼ ਸਟਡੀਜ਼ ਦੇ ਤਹਿਤ ਨਹੀਂ ਪੜ੍ਹ ਰਹੇ।



© Calgary Board of Education 2007

**9. ਉਨ੍ਹਾਂ ਬੱਚਿਆਂ ਦੀ ਗ੍ਰੇਡ ਲੈਵਲ ਆਫ਼ ਅਚੀਵਮੈਂਟ ਕਿਸ ਤਰ੍ਹਾਂ ਨਿਰਧਾਰਿਤ ਕੀਤੀ ਜਾਏਗੀ ਜੋ ਕਿ ਸਪੈਸ਼ਲ ਨੀਡਜ਼ ਯਾ ਇੰਡਿਵਿਜੁਲਾਇਜ਼ਡ ਪ੍ਰੋਗ੍ਰਾਮ ਪਲਾਨਜ਼ ਵਿਚ ਹਨ?**

ਇਡਿਵਿਜੁਲਾਈਜ਼ਡ ਪ੍ਰੋਗ੍ਰਾਮ ਪਲਾਨਜ਼ ਵਾਲੇ ਅਧਿਕਤਰ ਬੱਚੇ ਗ੍ਰੇਡਿਡ ਪ੍ਰੋਗ੍ਰਾਮ ਆਫ਼ ਸਟਡੀਜ਼ ਦੇ ਨਤੀਜਿਆਂ ਉਪਰ ਕੰਮ ਕਰ ਰਹੇ ਹਨ, ਨਾ ਕਿ ਆਪਣੇ ਨਾਮਾਂਕਿਤ ਗ੍ਰੇਡ ਲੈਵਲ ਉਪਰ। ਇਨ੍ਹਾਂ ਬੱਚਿਆਂ ਦੀ ਜੀ ਐਲ ਏ ਰਿਪੋਰਟ ਦਿੱਤੀ ਜਾਏਗੀ।

ਤੁਲਨਾਤਮਕ ਤੌਰ ਤੇ ਬੱਚਿਆਂ ਦੇ ਬਹੁਤ ਛੋਟੇ ਸਮੂਹ (ਗਰੁਪ) ਹਨ ਜਿਨ੍ਹਾਂ ਦੇ ਪੜ੍ਹਾਈ ਦੇ ਨਤੀਜੇ ਗ੍ਰੇਡਿਡ ਪ੍ਰੋਗ੍ਰਾਮ ਆਫ਼ ਸਟਡੀਜ਼ ਉਪਰ ਆਧਾਰਿਤ ਨਹੀਂ ਹਨ।ਇਹ ਬੱਚੇ ਐਕੇਡੈਮਿਕ ਰੈਡੀਨੈਸ, ਫਾਊਂਡੇਸ਼ਨਲ ਸਕਿਲਜ਼ ਅਤੇ/ਜਾਂ ਲਾਈਫ ਸਕਿਲਜ਼ ਉਪਰ ਕੰਮ ਕਰ ਰਹੇ ਹਨ। ਇਸ ਨੂੰ ਨਾਨ-ਗ੍ਰੇਡਿਡ ਪ੍ਰੋਗ੍ਰਾਮ ਦਾ ਨਾਮ ਦਿਤਾ ਜਾਂਦਾ ਹੈ।ਅਲਬਰਟਾ ਐਜੂਕੇਸ਼ਨ ਦੇ ਲਈ ਗ੍ਰੇਡ ਲੈਵਲ ਦੇ ਬਾਰੇ ਵਿਚ ਰਿਪੋਰਟ ਕਰਨਾ ਜ਼ਰੂਰੀ ਨਹੀਂ ਹੈ।ਬਲਕਿ ਅਸੀਂ ਉਨ੍ਹਾਂ ਨੂੰ ਰਿਪੋਰਟ ਦੇਣੀ ਹੁੰਦੀ ਹੈ ਕਿ ਬੱਚੇ ਆਈ ਪੀ ਪੀ ਦੇ ਉਦੇਸ਼ਾਂ ਨੂੰ ਕਿਸ ਡਿਗ੍ਰੀ ਤਕ ਪ੍ਰਾਪਤ ਕਰ ਰਹੇ ਹਨ।

ਬਹੁਤ ਹੀ ਘੱਟ ਬਾਰ ਐਸਾ ਹੁੰਦਾ ਹੈ ਕਿ ਕਿਸੀ ਬੱਚੇ ਦਾ ਪ੍ਰੋਗ੍ਰਾਮ ਐਸਾ ਅਨੂਠਾ ਹੋਵੇ ਕਿ ਐਨ ਏ (ਲਾਗੂ ਨਹੀਂ) ਰਿਪੋਰਟ ਕੀਤਾ ਜਾਏ। ਐਸਾ ਹੋਣ ਤੇ ਸਕੂਲ ਦੇ ਕਰਮਚਾਰੀ ਤੁਹਾਡੇ ਨਾਲ ਸਥਿਤੀ ਦੇ ਬਾਰੇ ਵਿਚ ਬਾਤ-ਚੀਤ ਕਰਣਗੇ।

ਅਗਰ ਤੁਹਾਡਾ ਬੱਚਾ ਇੰਡਿਵਿਜੁਲਾਈਜ਼ਡ ਪ੍ਰੋਗ੍ਰਾਮ ਪਲਾਨ ਤੇ ਹੈ ਤਾਂ ਕਿਰਪਾ ਕਰਕੇ ਤੁਸੀਂ ਉਸਦੇ ਟੀਚਰ ਨਾਲ ਉਸ ਦੀ ਜੀ ਐਲ ਏ ਦੇ ਬਾਰੇ ਵਿਚ ਗਲ ਬਾਤ ਕਰੋ।



© Calgary Board of Education 2007

**10. ਇਮਰਸ਼ਨ ਯਾ ਬਾਈਲਿੰਗੁਅਲ ਪ੍ਰੋਗ੍ਰਾਮਾਂ ਵਿਚ ਨਾਂਮਾਂਕਿਤ ਬੱਚਿਆਂ ਦੀ ਗ੍ਰੇਡ ਲੈਵਲ ਆਫ਼ ਅਚੀਵਮੈਂਟ ਕਿਸ ਤਰ੍ਹਾਂ ਨਿਰਧਾਰਿਤ ਕੀਤੀ ਜਾਏਗੀ?**

ਫਰੈਂਚ ਇਮਰਸ਼ਨ ਵਿਚ ਨਾਂਮਾਂਕਿਤ ਬੱਚਿਆਂ ਦੀ ਗ੍ਰੇਡ 1ਤੋਂ 9 ਤਕ ਫਰੈਂਚ ਲੈਂਗੁਏਜ ਆਰਟਸ ਅਤੇ ਹਿਸਾਬ ਵਿਚ ਜੀ ਐਲ ਏ ਦਿਤੀ ਜਾਏਗੀ। ਉਨ੍ਹਾਂ ਨੂੰ ਗ੍ਰੇਡ 3 ਤੋਂ ਸ਼ੁਰੂ ਕਰਕੇ ਇੰਗਲਿਸ਼ ਲੈਂਗੁਏਜ ਆਰਟ ਵਿਚ ਵੀ ਜੀ ਐਲ ਏ ਦਿੱਤੀ ਜਾਏਗੀ।

ਗ੍ਰੇਡ 7 ਦੇ ਬੱਚਾ ਜੋ ਕਿ ਲੇਟ ਫਰੈਂਚ ਇਮਰਸ਼ਨ ਪ੍ਰੋਗ੍ਰਾਮ ਵਿਚ ਨਾਂਮਾਂਕਿਤ ਹਨ ਉਨ੍ਹਾਂ ਨੂੰ ਫਰੈਂਚ ਲੈਂਗੁਏਜ ਆਰਟਸ ਵਿਚ ਜੀ ਐਲ ਏ ਨਹੀਂ ਦਿਤੀ ਜਾਏਗੀ, ਜਦ ਤਕ ਕਿ ਉਹ ਗ੍ਰੇਡ 8 ਜਾਂ 9 ਵਿਚ ਜਾ ਕੇ ਕੰਟੀਨਿਯੁਇੰਗ ਫਰੈਂਚ ਇਮਰਸ਼ਨ ਵਿਚ ਸ਼ਾਮਿਲ ਨਹੀਂ ਹੁੰਦੇ।

ਮੈਂਡਰਿਨ, ਜਰਮਨ ਜਾਂ ਸਪੈਨਿਸ਼ ਬਾਈਲਿੰਗੁਅਲ ਪ੍ਰੋਗ੍ਰਾਮਾਂ ਵਿਚ ਨਾਂਮਾਂਕਿਤ ਬੱਚਿਆਂ ਨੂੰ ਇੰਗਲਿਸ਼ ਲੈਂਗੁਏਜ ਆਰਟਸ ਅਤੇ ਹਿਸਾਬ ਵਿਚ ਦੂਸਰੇ ਨਿਯਮਸ਼ੀਲ ਬੱਚਿਆਂ ਦੀ ਤਰ੍ਹਾਂ ਜੀ ਐਲ ਏ ਦਿਤੀ ਜਾਏਗੀ।

**11. ਉਨ੍ਹਾਂ ਬੱਚਿਆਂ ਦੀ ਗ੍ਰੇਡ ਲੈਵਲ ਆਫ਼ ਅਚੀਵਮੈਂਟ ਕਿਸ ਤਰ੍ਹਾਂ ਨਿਰਧਾਰਿਤ ਕੀਤੀ ਜਾਏਗੀ ਜਿਨ੍ਹਾਂ ਨੇ ਨਾਲੇਜ ਅਤੇ ਇੰਪਲਾਏਬਿਲੀਟੀ (ਕੇ ਅਤੇ ਈ) ਦੇ ਕੋਰਸ ਲਿਤੇ ਹੋਏ ਹਨ?**

ਇਨ੍ਹਾਂ ਬੱਚਿਆ ਦੀ ਜੀ ਐਲ ਏ ਰਿਪੋਰਟ ਦਿਤੀ ਜਾਏਗੀ, ਗ੍ਰੇਡ 8 ਦੇ ਸ਼ੁਰੂ ਵਿਚ,ਉਹ ਪਹਿਲਾ ਸਾਲ ਜਦ ਕਿ ਬੱਚਾ ਕੇ ਅਤੇ ਈ ਕੋਰਸ ਵਿਚ ਸ਼ਾਮਿਲ ਹੁੰਦਾ ਹੈ। ਅਗਰ ਬੱਚਾ ਇਸ ਦੇ ਸੰਬੰਧ ਵਿਚ ਅਚੀਵਮੈਂਟ ਦੇ ਸੰਤੋਸ਼ਜਨਕ ਸਟੈਂਡਰਡ ਦਿਖਾਉਂਦਾ ਹੈ ਤਾਂ ਟੀਚਰ ਗ੍ਰੇਡ 8 ਦੀ ਜੀ ਐਲ ਏ ਰਿਪੋਰਟ ਕੇ ਅਤੇ ਈ ਕੋਰਸ ਵਿਚ ਦੇਵੇਗਾ।
ਅਗਰ ਬੱਚੇ ਦੀ ਗ੍ਰੇਡ 8 ਵਿਚ ਕੇ ਅਤੇ ਈ ਕੋਰਸ ਦੀ ਅਚੀਵਮੈਂਟ ਸਹੀ ਨਹੀਂ ਹੁੰਦੀ ਤਾਂ ਟੀਚਰ ਉਸਨੂੰ ਨੀਯਤ ਅਲਬਰਟਾ ਪ੍ਰੋਗ੍ਰਾਮ ਆਫ਼ ਸਟਡੀਜ਼ ਵਾਲੀ ਜੀ ਐਲ ਏ ਰਿਪੋਰਟ ਦੇਵੇਗਾ, ਜੋ ਕਿ ਉਸਨੇ ਕੇ ਅਤੇ ਈ ਕੋਰਸ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਪ੍ਰਾਪਤ ਕੀਤੀ ਸੀ।



© Calgary Board of Education 2007

**12. ਗ੍ਰੇਡ ਲੈਵਲ ਆਫ਼ ਅਚੀਵਮੈਂਟ ਰਿਪੋਰਟਿੰਗ ਦਾ ਗ੍ਰੇਡ 3, 6 ਅਤੇ 9 ਦੇ ਪ੍ਰੋਵਿੰਸ਼ਲ ਅਚੀਵਮੈਂਟ ਟੈਸਟਾਂ ਨਾਲ ਕੀ ਸੰਬੰਧ ਹੈ?**

ਜੀ ਐਲ ਏ ਰਿਪੋਰਟਿੰਗ ਹਰ ਗ੍ਰੇਡ ਲੈਵਲ ਦੇ ਬੱਚੇ ਦੀ ਅਚੀਵਮੈਂਟ ਦੇ ਬਾਰੇ ਵਿਚ ਜਾਣਕਾਰੀ ਦੇਵੇਗਾ ਜਿਸ ਨਾਲ ਕਿ ਪੀ ਏ ਟੀ ਦੀ ਜਾਣਕਾਰੀ ਪਰਿਸ਼ਿਸ਼ਟ (ਸਪਲੀਮੈਂਟ) ਹੋਵੇਗੀ।

ਜੀ ਐਲ ਏ ਰਿਪਰੋਟਿੰਗ ਬਹੁਤ ਸਾਰੇ ਉਨ੍ਹਾਂ ਬੱਚਿਆਂ ਦੇ ਅਚੀਵਮੈਂਟ ਦੇ ਬਾਰੇ ਵਿਚ ਜਾਣਕਾਰੀ ਦੇਵੇਗਾ ਜੋ ਕਿ ਪੀ ਏ ਟੀ ਵਿਚ ਸ਼ਾਮਿਲ ਨਹੀਂ ਹੁੰਦੇ।

ਪੀ ਏ ਟੀ ਅਚੀਵਮੈਂਟ, ਟੀਚਰਾਂ ਦੇ ਕੋਲ ਸਾਰੇ ਸਾਲ ਵਿਚ ਇਕੱਠੇ ਕੀਤੇ ਬਹੁਤ ਸਾਰੇ ਨਤੀਜਿਆਂ ਵਿਚੋਂ ਇਕ ਹੋਵੇਗਾ ਜੋ ਕਿ ਬੱਚੇ ਦੀ ਜੀ ਐਲ ਏ ਨਿਰਧਾਰਿਤ ਕਰਨ ਵਿਚ ਸਹਾਇਕ ਹੋਵੇਗਾ।

ਟੀਚਰਾਂ ਦੁਆਰਾ ਦਿਤੀ ਗਈ ਬੱਚਿਆਂ ਦੀ ਜੀ ਐਲ ਏ ਰਿਪੋਰਟ ਆਮ ਤੌਰ ਤੇ ਪੀ ਏ ਟੀ ਅਚੀਵਮੈਂਟ ਦੇ ਅਨੁਕੂਲ ਹੋਵੇਗੀ। ਪਰ ਫ਼ਿਰ ਭੀ ਹੋ ਸਕਦਾ ਹੈ ਕਿ ਟੀਚਰ ਦੁਆਰਾ ਬਨਾਈ ਗਈ ਹਰ ਬੱਚੇ ਦੀ ਜੀ ਐਲ ਏ ਅਸੈਸਮੈਂਟ ਅਤੇ ਬੱਚੇ ਦਾ ਪੀ ਏ ਟੀ ਰਿਜ਼ਲਟ ਇਕੋ ਜਿਹੇ ਨਾ ਹੋਣ। ਟੀਚਰ ਇਕ ਗ੍ਰੇਡ ਲੈਵਲ ਦੇ ਸਾਰੇ ਸਿਖਿਅਕ ਨਤੀਜਿਆਂ ਦਾ ਮੂਲਾਂਕਨ ਕਰ ਸਕਦੇ ਹਨ; ਜਦਕਿ ਪੀ ਏ ਟੀ ਕੇਵਲ ਪੇਪਰ ਅਤੇ ਪੈਂਸਿਲ ਟੈਸਟਾਂ ਦੁਆਰਾ ਹੀ ਮੂਲਾਂਕਨ ਕਰ ਸਕਦਾ ਹੈ ਅਤੇ ਕਈ ਅਜਿਹੇ ਕਾਰਕ ਹਨ ਜੋ ਕਿ ਟੈਸਟ ਵਾਲੇ ਦਿਨ ਬੱਚੇ ਦੇ ਨਿਸ਼ਪਾਦਨ (ਪਰਫਾਰਮੈਂਸ) ਉਪਰ ਪ੍ਰਭਾਵ ਪਾ ਸਕਦੇ ਹਨ।

ਤੁਸੀਂ ਜੀ ਐਲ ਏ ਰਿਪੋਰਟਿੰਗ ਦੇ ਬਾਰੇ ਵਿਚ ਹੋਰ ਅਧਿਕ ਜਾਣਕਾਰੀ ਹਾਸਿਲ ਕਰਨ ਲਈ ਇਸ ਵੈਬਸਾਈਟ ਉਪਰ ਜਾ ਸਕਦੇ ਹੋ:

**http://www.education.gov.ab.ca/ipr/gla/**



© Calgary Board of Education 2007

Calgary Board of Education

Prepared by Educational Support Services
with the assistance of
Communications Services
2007-164

GLAR / Punjabi Translation